# ਅੰਦਰਲੀ ਹਵਾ ਦੀ ਗੁੱਣਵਤਾ:
# ਅੱਗ ਬਲਣ ਤੋਂ ਪੈਦਾ ਹੋਣ ਵਾਲੇ ਪਦਾਰਥ

# Indoor Air Quality:
# Combustion By-products

## ਅੱਗ ਬਲਣ ਤੋਂ ਪੈਦਾ ਹੋਣ ਵਾਲੇ ਪਦਾਰਥ ਕੀ ਹਨ?

ਅੱਗ ਬਲਣ ਤੋਂ ਪੈਦਾ ਹੋਏ ਪਦਾਰਥ ਗੈਸ ਅਤੇ ਛੋਟੇ ਛੋਟੇ ਕਣ ਹਨ।ਉਹ ਅਪੂਰਨ ਤੌਰ ਤੇ ਬਲੇ ਇੰਧਨ ਜਿਵੇਂ ਤੇਲ, ਗੈਸ, ਮਿੱਟੀ ਦੇ ਤੇਲ, ਲੱਕੜ, ਕੋਲੇ ਅਤੇ ਪ੍ਰੋਪੇਨ ਦੁਆਰਾ ਬਣਾਏ ਜਾਂਦੇ ਹਨ।

ਅੱਗ ਬਲਣ ਤੋਂ ਪੈਦਾ ਹੋਏ ਪਦਾਰਥਾਂ ਦੀ ਕਿਸਮ ਅਤੇ ਮਾਤਰਾ ਇਸ ਗਲ ਤੇ ਨਿਰਭਰ ਕਰਦੀ ਹੈ ਕਿ ਕਿਸ ਕਿਸਮ ਦਾ ਇੰਧਨ ਬਲ ਰਿਹਾ ਹੈ ਅਤੇ ਅੱਗ ਬਾਲਣ ਵਾਲਾ ਯੰਤਰ ਕਿਹੋ ਜਿਹਾ ਹੈ।ਯੰਤਰ ਕਿੰਨੀ ਚੰਗੀ ਤਰ੍ਹਾਂ ਡਿਜ਼ਾਈਨ ਕੀਤਾ ਗਿਆ, ਬਣਾਇਆ ਗਿਆ, ਫ਼ਿੱਟ ਕੀਤਾ ਗਿਆ ਅਤੇ ਅਤੇ ਇਸਦੇ ਦੁਆਰਾ ਪੈਦਾ ਹੋਣ ਵਾਲੇ ਪਦਾਰਥਾਂ ਦੇ ਅਸਰਾਂ ਨੂੰ ਸੰਭਾਲਦਾ ਹੈ। ਕੁੱਝ ਯੰਤਰਾਂ ਨੂੰ ਇਸ ਆਧਾਰ ਤੇ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਹ ਕਿੰਨੀ ਚੰਗੀ ਤਰ੍ਹਾਂ ਅੱਗ ਬਾਲਦੇ ਹਨ। ਕੈਨੇਡੀਅਨ ਸਟੈਂਡਰਡਜ਼ ਐਸੋਸੀਏਸ਼ਨ (CSA) ਅਤੇ ਐਨਵਾਇਅਰਮੈਂਟਲ ਪ੍ਰੋਟੈਕਸ਼ਨ ਏਜੰਸੀ (EPA) ਦੋਵੇਂ ਹੀ ਲੱਕੜੀ ਦੇ ਚੁੱਲ੍ਹਿਆਂ ਅਤੇ ਹੋਰ ਯੰਤਰਾਂ ਨੂੰ ਪ੍ਰਮਾਣਿਤ ਕਰਦੀਆਂ ਹਨ।

ਅੱਗ ਬਲਣ ਤੋਂ ਪੈਦਾ ਹੋਏ ਪਦਾਰਥਾਂ ਦੀਆਂ ਮਿਸਾਲਾਂ ਵਿਚ ਸ਼ਾਮਲ ਹਨ: ਪਦਾਰਥਾਂ ਦੇ ਕਣ, ਕਾਰਬਨ ਮੋਨੋਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ, ਕਾਰਬਨ ਡਾਈਆਕਸਾਈਡ, ਸਲਫਰ ਡਾਈਆਕਸਾਈਡ, ਪਾਣੀ ਦੀ ਭਾਫ਼ ਅਤੇ ਹਾਈਡਰੋਕਾਰਬਨਜ਼।

## ਅੱਗ ਬਲਣ ਤੋਂ ਪੈਦਾ ਹੋਣ ਵਾਲੇ ਪਦਾਰਥ ਕਿੱਥੋਂ ਆਂਦੇ ਹਨ?

ਅੱਗ ਬਲਣ ਨਾਲ ਪੈਦਾ ਹੋਣ ਵਾਲੇ ਪਦਾਰਥ ਲੱਕੜੀ ਦੇ ਹੀਟਰ ਅਤੇ ਲੱਕੜੀ ਦੇ ਚੁੱਲ੍ਹੇ, ਫਰਨੈਸਾਂ, ਗੈਸ ਰੇਂਜ, ਗੈਸ ਹੀਟਰ, ਜੈਨਰੇਟਰ, ਫਾਇਰਪਲੇਸਾਂ, ਗੱਡੀਆਂ ਦੇ ਧੂੰਏਂ ਅਤੇ ਹਵਾਦਾਰੀ ਤੋਂ ਬਿਨਾਂ ਮਿੱਟੀ ਦੇ ਤੇਲ ਦੇ ਹੀਟਰ ਅਤੇ ਸਟੋਵ ਸਮੇਤ ਕਈ ਸਰੋਤਾਂ ਤੋਂ ਬਣ ਸਕਦੇ ਹਨ। ਤਮਾਕੂ ਪੀਣ ਦੇ ਦੂਜੇ ਦਰਜੇ ਦੇ ਧੂੰਏਂ ਵਿੱਚ ਵੀ ਅੱਗ ਬਲੋਣ ਨਾਲ ਪੈਦਾ ਹੋਣ ਵਾਲੇ ਪਦਾਰਥ ਹੁੰਦੇ ਹਨ।

## ਅੱਗ ਬਲਣ ਤੋਂ ਪੈਦਾ ਹੋਏ ਪਦਾਰਥਾਂ ਦੀਆਂ ਸਿਹਤ ਲਈ ਕੁਝ ਚਿੰਤਾਵਾਂ ਕਿਹੜੀਆਂ ਹਨ?

**ਕਾਰਬਨ ਮੋਨੋਆਕਸਾਈਡ (CO)** ਆਕਸੀਜਨ ਨੂੰ ਸਰੀਰ ਦੇ ਵੱਖ ਵੱਖ ਹਿੱਸਿਆਂ ਵਿਚ ਲੈ ਜਾਣ ਦੀ ਖੂਨ ਦੀ ਸਮਰੱਥਾ ਨੂੰ ਘਟਾਉਂਦੀ ਹੈ। ਹਾਲੀਆ ਸੰਪਰਕ  ਨਾਲ ਥਕਾਵਟ, ਸਿਰ ਦਰਦ, ਦਿਲ ਕੱਚਾ ਹੋਣਾ, ਫ਼ਲੂ ਵਰਗੀਆਂ ਨਿਸ਼ਾਨੀਆਂ, ਚੱਕਰ ਆਉਣੇ, ਨਜ਼ਰ ਦੀ ਖਰਾਬੀ ਅਤੇ ਪਰੇਸ਼ਾਨੀ ਹੋ ਸਕਦੀ ਹੈ। ਜੇ ਤੁਹਾਨੂੰ ਦਿਲ ਦੀ ਬਿਮਾਰੀ ਹੈ, ਤਾਂ ਇਸ ਨਾਲ ਛਾਤੀ ਵਿਚ ਦਰਦ ਹੋ ਸਕਦਾ ਹੈ। ਕਾਰਬਨ ਮੋਨੋਆਕਸਾਈਡ ਦੀ ਬਹੁਤ ਜ਼ਿਆਦਾ ਮਾਤਰਾ ਦੇ ਪ੍ਰਭਾਵ ਨਾਲ ਬੇਹੋਸ਼ੀ ਅਤੇ ਮੌਤ ਵੀ ਹੋ ਸਕਦੀ ਹੈ।

**ਨਾਈਟ੍ਰੋਜਨ ਡਾਈਆਕਸਾਈਡ ($NO_2$)** ਕਾਰਨ ਅੱਖਾਂ, ਨੱਕ, ਗਲੇ ਅਤੇ ਫੇਫੜਿਆਂ ਵਿਚ ਖਾਰਸ਼ ਹੋ ਸਕਦੀ ਹੈ। ਤੁਹਾਨੂੰ ਸਾਹ ਚੜ੍ਹ ਸਕਦਾ ਹੈ। ਜੇ ਤੁਹਾਨੂੰ ਸਾਹ ਦੀ ਬਿਮਾਰੀ ਹੈ, ਤਾਂ ਨਾਈਟ੍ਰੋਜਨ ਡਾਈਆਕਸਾਈਡ ਦੇ ਸੰਪਰਕ ਕਾਰਨ ਸਿਹਤ ਦੇ ਗੰਭੀਰ ਪ੍ਰਭਾਵਾਂ ਦੀ ਅਨੁਭੂਤੀ ਦਾ ਖਤਰਾ ਹੋ ਸਕਦਾ ਹੈ।

**ਹਵਾ ਵਿਚ ਉਡਦੇ ਬਰੀਕ ਕਣ (Particulate matter (PM))** ਉਦੋਂ ਬਣਦਾ ਹੈ ਜਦੋਂ ਬਾਲਣ ਪੂਰੀ ਤਰ੍ਹਾਂ ਨਹੀਂ ਬਲਦਾ। ਹਵਾ ਵਿਚ ਉਡਦੇ ਛੋਟੇ ਛੋਟੇ ਕਣ ਅੱਖਾਂ, ਨੱਕ ਅਤੇ ਗਲੇ ਵਿਚ ਖਾਰਸ਼ ਕਰ ਸਕਦੇ ਹਨ। ਇਹ ਫੇਫੜਿਆਂ ਵਿਚ ਜਮਾਂ ਹੋ ਕੇ ਖਾਰਸ਼ ਜਾਂ ਫੇਫੜਿਆਂ ਦੀ ਝਿਲੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਹਵਾ ਵਿਚ ਉਡਦੇ ਬਰੀਕ ਕਣਾਂ ਦੀ ਜਲਨ ਦੇ ਪ੍ਰਭਾਵ ਕਾਰਨ ਦਿਲ ਦੀਆਂ ਤਕਲੀਫਾਂ ਵੀ ਹੋ ਸਕਦੀਆਂ ਹਨ। ਬਲਣ ਤੋਂ ਪੈਦਾ ਹੋਏ ਕਈ ਕਣਾਂ ਵਿਚ ਕੈਂਸਰ ਕਰਨ ਵਾਲੇ ਤੱਤ ਹੋ ਸਕਦੇ ਹਨ।

**ਕਾਰਬਨ ਡਾਈਆਕਸਾਈਡ ($CO_2$)** ਹਵਾ ਵਿੱਚ ਕੁਦਰਤੀ ਤੌਰ ਤੇ ਵਾਪਰਦੀ ਹੈ। ਮਨੁੱਖੀ ਸਿਹਤ ਪ੍ਰਭਾਵ ਜਿਵੇਂ ਕਿ ਸਿਰ ਦਰਦ, ਚੱਕਰ ਆਉਣੇ ਅਤੇ ਥਕਾਵਟ ਉੱਚੇ ਪੱਧਰ 'ਤੇ ਹੋ ਸਕਦੇ ਹਨ, ਪਰ ਘਰਾਂ ਵਿੱਚ ਘੱਟ ਹੀ ਵਾਪਰਦੇ ਹਨ। ਕਈ ਵਾਰ ਕਾਰਬਨ ਡਾਈਆਕਸਾਈਡ ਦੇ ਸਤੱਰ ਨੂੰ ਨਾਪ ਕੇ ਇਹ ਦੱਸਿਆ ਜਾ ਸਕਦਾ ਹੈ ਕਿ ਕਮਰੇ ਜਾਂ ਇਮਾਰਤ ਵਿਚ ਕਾਫ਼ੀ ਤਾਜ਼ੀ ਹਵਾ ਆਉਂਦੀ ਹੈ ਕਿ ਨਹੀਂ। ਭਾਵੇਂ ਕਾਰਬਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਦੋਨੋ ਬਲਣ ਤੋਂ ਪੈਦਾ ਹੋਏ ਉਤਪਾਦ ਹਨ, ਪਰ, ਕਾਰਬਨ ਡਾਈਆਕਸਾਈਡ ਦੀ ਮੌਜੂਦਗੀ ਆਪ ਹੀ ਇਹ ਸੰਕੇਤ ਨਹੀਂ ਕਰਦੀ ਕਿ ਬਹੁਤ ਹੀ ਬਹੁਤ ਜਿਆਦਾ ਜ਼ਹਿਰ ਮਿਸ਼ਰਿਤ, ਕਾਰਬਨ ਮੋਨੋਆਕਸਾਈਡ, ਵੀ ਮੌਜੂਦ ਹੈ।

## ਸਿਹਤ ਦੀਆਂ ਚਿੰਤਾਵਾਂ ਨੂੰ ਰੋਕਣ ਜਾਂ ਸੀਮਤ ਕਰਨ ਲਈ ਮੈਂ ਕੀ ਕਰ ਸਕਦਾ/ਦੀ ਹਾਂ?

ਸਿਹਤ ਦੀਆਂ ਚਿੰਤਾਂਵਾਂ ਨੂੰ ਸੀਮਿਤ ਕਰਨ ਵਿੱਚ ਮਦਦ ਕਰਨ ਲਈ, ਉਸਦੇ ਸਰੋਤ ਨੂੰ ਨਿਯੰਤ੍ਰਿਤ ਕਰਨਾ, ਹਵਾਦਾਰੀ ਵਿਚ ਸੁਧਾਰ ਅਤੇ ਕਾਰਬਨ ਮੋਨੋਆਕਸਾਈਡ (CO) ਡਿਟੈਕਟਰ ਵਰਤਣੇ ਬਹੁਤ ਮਹਤੱਵਪੂਰਣ ਹਨ।ਹਵਾ ਦੇ ਕਲੀਨਰ ਵਰਤਣੇ ਹਵਾ ਦੀ ਗੁਣਵੱਤਾ ਵਿੱਚ ਹੋਰ ਸੁਧਾਰ ਕਰ ਸਕਦੇ ਹਨ।

### ਸ੍ਰੋਤ ਨੂੰ ਨਿਯੰਤ੍ਰਿਤ ਕਰੋ:

- ਅੱਗ ਜਲਾਉਣ ਵਾਲੇ ਸਾਰੇ ਯੰਤਰਾਂ ਲਈ ਨਿਰਮਾਤਾ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ
- ਸਾਰੇ ਯੰਤਰਾਂ ਅਤੇ ਹਵਾ ਨਿਕਲਣ ਦੀਆਂ ਜਗ੍ਹਾਵਾਂ ਜਿਵੇਂ ਕਿ ਚਿਮਨੀਆਂ ਦੀ ਨਿਯਮਤ ਰੂਪ 'ਚ ਸਰਵਿਸ ਅਤੇ ਸਫਾਈ ਕਰੋ
- ਹਰੇਕ ਯੰਤਰ ਲਈ ਸਿਫਾਰਸ਼ ਕੀਤੇ ਹੋਏ ਬਾਲਣ (ਫ਼ੁਏਲਸ) ਹੀ ਵਰਤੋ
- ਇਹ ਸੁਨਿਸ਼ਚਿਤ ਕਰੋ ਕਿ ਲੱਕੜੀ ਵਾਲੇ ਸਟੋਵ ਠੀਕ ਤਰੀਕੇ ਨਾਲ ਲਗਾਏ ਗਏ ਅਤੇ ਦੇਖਭਾਲ ਕੀਤੇ ਗਏ ਹਨ। ਉਨ੍ਹਾਂ ਦੇ ਦਰਵਾਜ਼ੇ ਲੀਕ ਹੋਣ ਤੋਂ ਰੋਕਣ ਲਈ ਚੰਗੀ ਤਰ੍ਹਾਂ ਫਿਟ ਹੋਣੇ ਚਾਹੀਦੇ ਹਨ
- ਪੁਰਾਣੀ ਜਾਂ ਸੁੱਕੀ ਹੋਈ ਲੱਕੜੀ ਹੀ ਵਰਤੋ, ਪ੍ਰੈਸ਼ਰ ਜਾਂ ਪੇਂਟ ਵਾਲੀਆਂ ਲੱਕੜੀਆਂ ਨਾ ਵਰਤੋ ਜੋ ਸਾੜਨ ਤੇ ਹੋਰ ਜ਼ਹਿਰੀਲੇ ਪਦਾਰਥ ਬਣਾ ਸਕਦੀਆਂ ਹਨ
- ਫਰਨੈਸਾਂ ਅਤੇ ਚਿਮਨੀਆਂ ਦੀ ਜਾਂਚ ਕਰੋ, ਅਤੇ ਤਰੇੜਾਂ ਅਤੇ ਹੋਰ ਖਰਾਬ ਹੋਏ ਹਿੱਸਿਆਂ ਦੀ ਮੁਰੰਮਤ ਕਰੋ। ਆਪਣੀ ਫਾਇਰਪਲੇਸ ਵਰਤਣ ਸਮੇਂ ਚਿਮਨੀ ਖੋਲ੍ਹ ਦਿਓ। ਲੱਕੜੀ ਵਾਲੀ ਅੰਗੀਠੀ ਵਿਚ ਅੱਗ ਨੂੰ ਸੁਲਗਣ ਨਾ ਦਿਓ ਖਾਸਕਰ ਅੰਗੀਠੀ ਦਾ ਦਰਵਾਜ਼ਾ ਖੋਲ੍ਹਣ ਸਮੇਂ
- ਜੇ ਲਗਾਤਾਰ ਵਰਤ ਰਹੇ ਹੋ ਤਾਂ ਫਰਨੈਸਾਂ ਅਤੇ ਏਅਰਕੰਡੀਸਨਰਾਂ ਦੇ ਫਿਲਟਰ ਕੁੱਝ ਕੁ ਮਹੀਨਿਆਂ ਬਾਅਦ ਬਦਲਦੇ ਰਹੋ। ਤੁਸੀਂ ਫਰਨੈਸ ਲਈ ਕਿਸੇ ਜ਼ਿਆਦਾ ਅਸਰਦਾਰ ਫਿਲਟਰ ਦੀ ਵਰਤੋਂ ਬਾਰੇ ਵੀ ਸੋਚ ਸਕਦੇ ਹੋ
- ਆਪਣੇ ਘਰ ਅੰਦਰ ਜਾਂ ਨਜ਼ਦੀਕ ਤਮਾਕੂ ਨਾ ਪੀਣ ਦਿਓ
- ਘਰ ਵਿਚ ਮੋਮਬੱਤੀਆਂ ਅਤੇ ਧੂਪ ਦੀ ਵਰਤੋਂ ਘਟਾਓ

### ਹਵਾ ਦਾ ਅੰਦਰ ਆਉਣਾ ਸੁਧਾਰੋ:

- ਜਦੋਂ ਗੈਸ ਸਟੋਵ ਅਤੇ ਰੇਂਜ ਤੇ ਖਾਣਾ ਬਣਾਓ ਤਾਂ ਚਿਮਨੀ ਦਾ ਛੱਜਾ ਅਤੇ ਪੱਖਾ ਵਰਤੋ ਜਿਸ ਨਾਲ ਹਵਾ ਬਾਹਰ ਨੂੰ ਜਾਏ
- ਜਦੋਂ ਸਪੇਸ ਹੀਟਰ ਨੂੰ ਬਦਲਣਾ ਹੋਵੇ ਤਾਂ ਵੈਂਟਿਡ ਹੀਟਰ ਖਰੀਦੋ
- ਇਹ ਸੁਨਿਸ਼ਚਿਤ ਕਰੋ ਕਿ ਘਰ ਅੰਦਰ ਕਾਫੀ ਤਾਜ਼ੀ ਹਵਾ ਬਾਹਰੋਂ ਆਵੇ ਖਾਸ ਕਰ ਅੱਗ ਬਲ੍ਹਣ ਵਾਲਾ ਕੋਈ ਯੰਤਰ ਵਰਤਣ ਵੇਲ
- ਇਹ ਸੁਨਿਸ਼ਚਿਤ ਕਰੋ ਕਿ ਹਵਾ ਅੰਦਰ ਆਉਣ ਵਾਲੀਆਂ ਮੋਰੀਆਂ ਬੰਦ ਜਾਂ ਢੱਕੀਆਂ ਹੋਈਆਂ ਨਹੀਂ ਹਨ
- ਤਾਜ਼ੀ ਹਵਾ ਅੰਦਰ ਆਉਣ ਵਾਲੀਆਂ ਮੋਰੀਆਂ ਨੂੰ ਆਪਣੇ ਗੈਰਾਜ ਵਿਚੋਂ ਆਪਣੇ ਘਰ ਵਿੱਚ ਆਉਂਦੇ ਹੋਏ ਨਾ ਰੱਖੋ। ਨਾਲ ਜੁੜੇ ਗੈਰਾਜ ਵਿੱਚ ਵਾਹਨ ਨੂੰ ਕਦੇ ਵੀ ਚਲਦਾ ਨਾ ਛੱਡੋ

### ਕਾਰਬਨ ਮੋਨੋਆਕਸਾਈਡ (CO) ਦਾ ਪਤਾ ਲਗਾਉਣ ਵਾਲੇ ਯੰਤਰ ਵਰਤੋ:

ਕਾਰਬਨ ਮੋਨੋਆਕਸਾਈਡ ਦਾ ਪਤਾ ਲਗਾਉਣ ਵਾਲੇ ਯੰਤਰ ਆਸਾਨੀ ਨਾਲ ਮਿਲ ਜਾਂਦੇ ਹਨ ਅਤੇ ਬੜੇ ਸਸਤੇ ਹੀ ਲਗਾਏ ਜਾ ਸਕਦੇ ਹਨ। ਇਹ ਸੁਨਿਸ਼ਚਿਤ ਕਰਨ ਲਈ ਕਿ ਇਹ ਠੀਕ ਕੰਮ ਕਰ ਰਹੇ ਹਨ ਧੂੰਏਂ ਦਾ ਪਤਾ ਲਗਾਉਣ ਵਾਲੇ ਯੰਤਰਾਂ ਵਾਂਗ ਇਨ੍ਹਾਂ ਦੀ ਵੀ ਨਿਯਮਤ ਟੈਸਟਿੰਗ ਦੀ ਜ਼ਰੂਰਤ ਹੈ। ਕਾਰਬਨ ਮੋਨੋਆਕਸਾਈਡ ਦਾ ਪਤਾ ਲਗਾਉਣ ਵਾਲਾ ਯੰਤਰ ਜੋ ਤੁਹਾਡੀਆਂ ਲੋੜਾਂ ਸਭ ਤੋਂ ਚੰਗੀ ਪੂਰੀਆਂ ਕਰਦਾ ਹੋਵੇ, ਤੁਸੀਂ ਉਪਭੋਗਤਾ (ਕਨਜ਼ਿਊਮਰ) ਗਾਈਡ ਦੇਖ ਸਕਦੇ ਹੋ।

### ਹਵਾ ਦੇ ਕਲੀਨਰ ਵਰਤੋ:

ਅੰਦਰ ਦੀ ਹਵਾ ਵਿਚੋਂ ਪ੍ਰਦੂਸ਼ਨ ਦਾ ਪੱਧਰ ਘੱਟ ਕਰਨ ਲਈ ਪ੍ਰਦੂਸ਼ਨ ਦੇ ਸਰੋਤਾਂ ਨੂੰ ਕਾਬੂ ਕਰਨ ਅਤੇ ਤਾਜ਼ੀ ਹਵਾ ਦੇ ਨਾਲ ਏਅਰ ਕਲੀਨਰ ਵਰਤੇ ਜਾ ਸਕਦੇ ਹਨ। ਏਅਰ ਕਲੀਨਰ ਹਵਾ ਵਿਚੋਂ ਪ੍ਰਦੂਸ਼ਣ ਵਾਲੇ ਕਣਾਂ ਨੂੰ ਹਟਾਉਣ ਲਈ ਬਿਜਲੀ ਰਾਹੀਂ ਖਿੱਚਣਾ, ਮਸ਼ੀਨੀ ਫਿਲਟਰ ਜਾਂ ਆਇਨ ਜੈਨਰੇਸ਼ਨ ਦੀ ਵਰਤੋਂ ਕਰਦੇ ਹਨ। ਉਹ ਲਾਗਤ ਅਤੇ ਕਿੰਨੀ ਚੰਗੀ ਤਰਾਂ ਕੰਮ ਕਰਦੇ ਹਨ ਉਸਦੇ ਕਾਰਨ ਵੱਖ ਵੱਖ ਹੁੰਦੇ ਹਨ। ਕੋਈ ਵੀ ਹਵਾ ਦਾ ਕਲੀਨਰ ਅੰਦਰ ਦੀ ਹਵਾ ਵਿਚੋਂ ਸਾਰੇ ਪ੍ਰਦੂਸ਼ਣ ਦੇ ਕਣਾਂ ਨੂੰ ਨਹੀਂ ਹਟਾਏਗਾ। ਕੁਝ ਹਵਾ ਦੇ ਕਲੀਨਰ ਓਜ਼ੋਨ ਦੇ ਨੁਕਸਾਨਦੇਹ ਪੱਧਰ ਪੈਦਾ ਕਰ ਸਕਦੇ ਹਨ। ਇਸ ਨਾਲ ਸਿਹਤ ਤੇ ਮਾੜੇ ਪ੍ਰਭਾਵ ਹੋ ਸਕਦੇ ਹਨ। ਉਹ ਹਵਾ ਦੇ ਕਲੀਨਰ ਦੇਖੋ ਜਿਹੜੇ ਥੋੜ੍ਹੀ ਮਾਤਰਾ ਵਿੱਚ ਓਜ਼ੋਨ ਛੱਡਣ ਲਈ ਤਸਦੀਕ ਕੀਤੇ ਗਏ ਹਨ। ਹੋਰ ਜਾਣਕਾਰੀ ਲਈ ਅੰਦਰ ਦੀ ਹਵਾ ਦੀ ਗੁਣਵੱਤਾ ਅਤੇ ਸਿਹਤ ਨੂੰ ਸੁਧਾਰਨ ਲਈ www.ncceh.ca/sites/default/files/Air_Cleaners_Oct_2010.pdf (PDF 162 KB) ਤੇ ਘਰੇਲੂ ਹਵਾ ਦੇ ਕਲੀਨਰ ਦੀ ਵਰਤੋਂ ਵੇਖੋ।.

ਜੇ ਤੁਹਾਡੀ ਹਵਾ ਨੂੰ ਸਾਫ ਕਰਨ ਵਾਲਾ ਸਿਸਟਮ ਖਰੀਦਣ ਦੀ ਯੋਜਨਾ ਹੈ ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਉਹ ਉਪਕਰਣ ਖਰੀਦਦੇ ਹੋ ਜੋ ਤੁਹਾਡੀਆਂ ਲੋੜਾਂ ਨੂੰ ਸਭ ਤੋਂ ਚੰਗੀ ਤਰ੍ਹਾਂ ਪੂਰਾ ਕਰਦਾ ਹੈ।

## ਹੋਰ ਜ਼ਿਆਦਾ ਜਾਣਕਾਰੀ ਲਈ

ਅੰਦਰ ਦੀ ਹਵਾ ਦੀ ਗੁਣਵੱਤਾ ਅਤੇ ਤੁਹਾਡੀ ਸਿਹਤ ਬਾਰੇ ਵਧੇਰੇ ਜਾਣਕਾਰੀ ਲਈ, ਹੇਠ ਦਿੱਤੀਆਂ ਵੈੱਬਸਾਈਟਾਂ 'ਤੇ ਜਾਓ:

- ਹੈਲਥ ਕੈਨੇਡਾ – ਏਅਰ ਕੁਆਲਟੀ www.canada.ca/en/health-canada/services/air-quality.html
- ਦੀ ਬੀ.ਸੀ. ਲੰਗ ਐਸੋਸਿਏਸ਼ਨ – ਏਅਰ ਕੁਆਲਟੀ https://bc.lung.ca/protect-your-lungs/air-quality-lung-health ਜਾਂ ਕਰ-ਰਹਿਤ ਕਾਲ ਕਰੋ 1 800 665-LUNG (5864).

BC Centre for Disease Control
An agency of the Provincial Health Services Authority